# ਅਧਿਆਇ 35

# ਪਰਮੇਸ਼ੁਰ ਦੇ ਚੁੱਪ ਰਹਿਣ ਬਾਰੇ ਅਲੀਹੂ ਦੀ ਵਿਆਖਿਆ

ਅਧਿਆਇ 35 ਵਿਚ, ਅਲੀਹੂ ਨੇ ਇਹ ਦਲੀਲ ਦੇ ਕੇ ਪਰਮੇਸ਼ੁਰ ਦੀ ਚੁੱਪ ਦਾ ਬਚਾਅ ਕੀਤਾ ਕਿ ਸੁਣਵਾਈ ਲਈ ਅੱਯੂਬ ਦੀ ਮੰਗ ਹੰਕਾਰ ਉੱਤੇ ਅਧਾਰਤ ਸੀ। ਮਨੁੱਖਜਾਤੀ ਪਰਮੇਸ਼ੁਰ ਤੋਂ ਕੋਈ ਮੰਗ ਨਹੀਂ ਕਰ ਸਕਦੀ। ਨਾ ਹੀ ਸਾਡੀ ਧਾਰਮਿਕਤਾ ਨਾ ਹੀ ਸਾਡਾ ਅਪਰਾਧ ਉਸ ਦੇ ਅੱਗੇ ਕੋਈ ਮੰਗ ਰੱਖ ਸਕਦੇ ਹਨ।

## "ਅੱਯੂਬ ਦੀਆਂ ਗੱਲਾਂ ਹੰਕਾਰੀ ਹਨ" (35:1-8)

**1ਅਲੀਹੂ ਨੇ ਉੱਤਰ ਦੇ ਕੇ ਫੇਰ ਆਖਿਆ, 2ਭਲਾ, ਤੂੰ ਏਸ ਨੂੰ ਠੀਕ ਸਮਝਦਾ ਹੈਂ, ਭਈ
ਤੈਂ ਆਖਿਆ, ਮੇਰਾ ਧਰਮ ਪਰਮੇਸ਼ੁਰ ਨਾਲੋਂ ਵਧੀਕ ਹੈਗਾ? 3ਕਿਉਂ ਜੋ ਤੂੰ ਕਹਿੰਦਾ ਹੈਂ ਕਿ
ਮੈਨੂੰ ਕੀ ਲਾਭ ਹੈ? ਮੈਨੂੰ ਪਾਪ ਕਰਨ ਨਾਲੋਂ ਹੁਣ ਕੀ ਫ਼ੈਦਾ ਹੈਗਾ? 4ਮੈਂ ਗੱਲਾਂ ਦਾ ਤੈਨੂੰ ਮੋੜ
ਦਿਆਂਗਾ, ਤੇਰੇ ਨਾਲ ਤੇਰੇ ਸੱਜਣਾ ਨੂੰ ਵੀ। 5ਅਕਾਸ਼ ਵੱਲ ਤੱਕ ਅਤੇ ਵੇਖ, ਅਤੇ ਬੱਦਲਾਂ ਵੱਲ
ਧਿਆਨ ਦੇਹ ਜੋ ਤੇਰੇ ਨਾਲੋਂ ਉੱਚੇ ਹਨ। 6ਜੇ ਤੈਂ ਪਾਪ ਕੀਤਾ, ਤਾਂ ਤੂੰ ਉਸ ਉੱਤੇ ਕੀ ਅਸਰ
ਪਾਉਂਦਾ ਹੈਂ, ਅਤੇ ਜੇ ਤੇਰੇ ਅਪਰਾਧ ਵਧ ਜਾਣ ਤਾਂ ਉਹ ਦੇ ਲਈ ਕੀ ਕਰਦਾ ਹੈਂ? 7ਜੇ ਤੂੰ
ਧਰਮੀ ਹੈਂ ਤਾਂ ਤੂੰ ਉਹ ਨੂੰ ਕੀ ਦਿੰਦਾ ਹੈਂ, ਯਾ ਉਹ ਤੇਰੇ ਹੱਥੋਂ ਕੀ ਲੈਂਦਾ ਹੈ? 8ਤੇਰੀ ਬਦੀ ਤੇਰੇ
ਜਿਹੇ ਮਨੁੱਖ ਲਈ ਹੈ, ਅਤੇ ਤੇਰਾ ਧਰਮ ਆਦਮ ਵੰਸ ਲਈ।**

**ਆਇਤਾਂ 1, 2. ਧਰਮ** (צֶדֶק, *ਟਸੀਡਿਕ)* ਆਮ ਤੌਰ ਤੇ ਪੁਸਤਕ ਵਿਚ ਵਰਤਿਆ ਜਾਣ ਵਾਲਾ ਉਹ ਸ਼ਬਦ ਹੈ ਜੋ ਅੱਯੂਬ ਦੇ ਦਾਅਵੇ ਨੂੰ "ਸਹੀ," "ਨਿਰਦੋਸ਼," ਜਾਂ "ਪਾਪ ਦਾ ਦੋਸ਼ੀ ਨਹੀਂ" ਵਜੋਂ ਦਰਸਾਉਂਦਾ ਹੈ। ਦਰਅਸਲ ਉਸ ਨੇ ਕਿਹਾ ਸੀ, "ਜੀਉਂਦੇ ਪਰਮੇਸ਼ੁਰ ਦੀ ਸੌਂਹ ਜਿਸ ਮੇਰਾ ਨਿਆਉਂ ਪਲਟਾ ਦਿੱਤਾ, ਨਾਲੇ ਸਰਬ ਸ਼ਕਤੀਮਾਨ ਦੀ ਜਿਸ ਮੇਰੀ ਜਾਨ ਨੂੰ ਕੌੜਾ ਕੀਤਾ! ... ਮੈਂ ਆਪਣੇ ਮਰਨ ਤੀਕ ਆਪਣੀ ਖਰਿਆਈ ਨਾ ਛੱਡਾਂਗਾ" (27:2, 5)।

**ਅਲੀਹੂ** ਨੇ ਅੱਯੂਬ ਉੱਤੇ ਆਪਣੇ ਦਾਅਵਿਆਂ ਵਿਚ ਬੇਈਮਾਨ ਹੋਣ ਦਾ ਦੋਸ਼ ਲਾਇਆ। ਪਰ, ਅੱਯੂਬ ਨੇ ਕਿਤੇ ਵੀ ਇਹ ਨਹੀਂ ਕਿਹਾ ਕਿ ਉਸ ਦਾ ਧਰਮ **ਪਰਮੇਸ਼ੁਰ ਨਾਲੋਂ ਵਧੀਕ** ਸੀ। ਫਿਰ ਵੀ, ਉਸ ਨੇ ਜੋਸ਼ ਨਾਲ ਆਪਣੀ ਬੇਗੁਨਾਹੀ ਦਾ ਬਚਾਅ ਕੀਤਾ, ਜਦ ਕਿ ਪਰਮੇਸ਼ੁਰ ਤੇ ਇਹ ਦੋਸ਼ ਲਾਇਆ ਕਿ ਪਰਮੇਸ਼ੁਰ ਨੇ ਉਸ ਨਾਲ ਅਨੁਚਿਤ ਰੂਪ ਨਾਲ ਵਿਹਾਰ ਕੀਤਾ ਸੀ। ਨਤੀਜੇ ਵਜੋਂ, ਅਲੀਹੂ ਨੇ ਇਹ ਸਿੱਟਾ ਕੱਢਿਆ ਕਿ ਅੱਯੂਬ ਸੋਚਦਾ ਸੀ ਕਿ ਉਹ ਪਰਮੇਸ਼ੁਰ ਨਾਲੋਂ ਧਰਮੀ ਸੀ।

**ਆਇਤ 3. ਕਿਉਂ ਜੋ ਤੂੰ ਕਹਿੰਦਾ ਹੈ ਕਿ ਮੈਨੂੰ ਕੀ ਲਾਭ ਹੈ? ਮੈਨੂੰ ਪਾਪ ਕਰਨ ਨਾਲੋਂ**

**ਹੁਣ ਕੀ ਫ਼ੈਦਾ ਹੈਗਾ?** ਇਸ ਆਇਤ ਵਿਚ ਇਹ ਸਵਾਲ ਖੜ੍ਹਾ ਹੁੰਦਾ ਹੈ, "ਚੰਗੇ ਬਣਨ ਦਾ ਕੀ ਫਾਇਦਾ ਹੈ?" (ਵੇਖੋ 34:9)। ਆਪਣੇ ਦੁੱਖ ਵਿਚ, ਅੱਯੂਬ ਨੇ ਪੁੱਛਿਆ ਸੀ, "ਮੈਂ ਦੋਸ਼ੀ ਠਹਿਰਾਂਗਾ, ਮੈਂ ਕਿਉਂ ਵਿਅਰਥ ਕਸ਼ਟ ਝੱਲਾਂ?" (9:29)। ਅਲੀਹੂ ਅੱਯੂਬ ਤੋਂ ਨੈਤਿਕ ਵਿਹਾਰ ਦੇ ਮਹੱਤਵ ਦੇ ਪ੍ਰਸ਼ਨ ਨੂੰ ਲੈਂਦਾ ਹੈ ਅਤੇ ਉਸ ਦੀ ਸ਼ਿਕਾਇਤ ਨੂੰ ਜਿੰਨਾ ਸੰਭਵ ਹੋ ਸਕੇ ਵਿਵਾਦਪੂਰਨ ਬਣਾਉਂਦਾ ਹੈ।"[1] ਫ੍ਰਾਂਸਿਸ ਆਈ. ਐਂਡਰਸਨ ਨੇ ਟਿੱਪਣੀ ਕੀਤੀ, "ਅਲੀਹੂ ਨੂੰ ਇਹ ਵਿਸ਼ਵਾਸ ਕਰਨ ਲਈ ਪਰਮੇਸ਼ੁਰ ਦੀ ਲੋੜੀਂਦੀ ਨਿੱਜੀ ਸਮਝ ਨਹੀਂ ਹੈ ਕਿ ਪਰਮੇਸ਼ੁਰ ਚੰਗੇ ਆਦਮੀ ਨਾਲ ਪ੍ਰਸੰਨ ਹੋ ਸਕਦਾ ਹੈ ਅਤੇ ਪਾਪ ਤੋਂ ਦੁਖੀ ਹੋ ਸਕਦਾ ਹੈ।"[2] ਅਲੀਹੂ ਦਾ ਪਰਮੇਸ਼ੁਰ ਇਕ ਰੁੱਖਾ ਦੇਵਤਾ ਸੀ ਜਿਸ ਨੇ ਦੁਸ਼ਟ ਲੋਕਾਂ ਨੂੰ ਜਵਾਬ ਨਹੀਂ ਦਿੱਤਾ, ਇੱਥੋਂ ਤੱਕ ਕਿ ਉਦੋਂ ਵੀ ਜਦੋਂ ਉਹ ਉਸ ਨੂੰ ਭਾਵੁਕ ਹੋ ਕੇ ਪੁਕਾਰਦੇ ਸਨ।

**ਆਇਤ 4. ਮੈਂ ਗੱਲਾਂ ਦਾ ਤੈਨੂੰ ਮੋੜ ਦਿਆਂਗਾ, ਤੇਰੇ ਨਾਲ ਤੇਰੇ ਸੱਜਣਾਂ ਨੂੰ ਵੀ।** ਕਿਉਂਕਿ ਪਰਮੇਸ਼ੁਰ ਨੇ ਅੱਯੂਬ ਨੂੰ ਜਵਾਬ ਨਹੀਂ ਦਿੱਤਾ, ਅਲੀਹੂ ਉਸ ਲਈ ਜਵਾਬ ਦੇਵੇਗਾ! ਹੋਮਰ ਹੇਲੀ ਨੇ ਟਿੱਪਣੀ ਕੀਤੀ, "32, 34 ਅਧਿਆਵਾਂ ਦਾ ਉਹੀ ਮਗਰੂਰ ਸਵੈ-ਭਰੋਸਾ ਸਾਹਮਣੇ ਆਇਆ; ਅਲੀਹੂ ਨੇ ਆਪਣੀ ਕੋਈ ਹਉਮੈ ਨਹੀਂ ਗਵਾਈ।"[3]

**ਆਇਤ 5.** ਅਲੀਹੂ ਨੇ ਮਨੁੱਖਤਾ ਦੇ ਛੋਟੇਪਣ ਤੇ ਜ਼ੋਰ ਦੇਣ ਲਈ ਸ੍ਰਿਸ਼ਟੀ ਦੀ ਵਿਵਸਥਾ ਨੂੰ ਅਪੀਲ ਕੀਤੀ। ਜਦੋਂ ਅਸੀਂ ਅਕਾਸ਼ ਵੱਲ ਵੇਖਦੇ ਹਾਂ ਅਤੇ ਸ਼ਾਨਦਾਰ **ਬੱਦਲਾਂ** ਨੂੰ ਵੇਖਦੇ ਹਾਂ, ਅਸੀਂ ਅਕਸਰ ਨਢਾਲ ਮਹਿਸੂਸ ਕਰਦੇ ਹਾਂ। ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਜਦ ਮੈਂ ਤੇਰੇ ਅਕਾਸ਼ ਨੂੰ ਵੇਖਦਾ ਹਾਂ, ਜਿਹੜਾ ਤੇਰੀ ਦਸਤਕਾਰੀ ਹੈ, ਨਾਲੇ ਚੰਦ ਅਰ ਤਾਰਿਆਂ ਨੂੰ ਜਿਹੜੇ ਤੈਂ ਕਾਇਮ ਕੀਤੇ ਹਨ, ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ?" (ਜ਼ਬੂਰ 8:3, 4)।

**ਆਇਤ 6. ਜੇ ਤੈਂ ਪਾਪ ਕੀਤਾ, ਤਾਂ ਤੂੰ ਉਸ ਉੱਤੇ ਕੀ ਅਸਰ ਪਾਉਂਦਾ ਹੈਂ, ਅਤੇ ਜੇ ਤੇਰੇ ਅਪਰਾਧ ਵਧ ਜਾਣ ਤਾਂ ਉਹ ਦੇ ਲਈ ਕੀ ਕਰਦਾ ਹੈਂ?** "ਵਧ ਜਾਣ" ਦਾ ਅਨੁਵਾਦ "ਕਈ ਗੁਣਾ ਵਧ ਜਾਣ" (NRSV) ਵੀ ਕੀਤਾ ਜਾ ਸਕਦਾ ਹੈ। ਵਿਲੀਅਮ ਡੀ. ਰੀਬਰਨ ਨੇ ਟਿੱਪਣੀ ਕੀਤੀ, "ਕਈ ਗਈ ਵਧ ਜਾਣ ਦਾ ਅਰਥ 'ਬਾਰ-ਬਾਰ, ਵਾਰ-ਵਾਰ, ਬਾਰ-ਬਾਰ' ਹੈ।"[4] ਅਲੀਹੂ ਨੇ ਦਲੀਲ ਦਿੱਤੀ ਕਿ ਪਰਮੇਸ਼ੁਰ ਇੰਨਾ ਉੱਚਾ ਹੈ ਕਿ ਉਹ ਆਦਮੀ ਦੇ ਪਾਪ ਤੋਂ ਪ੍ਰਭਾਵਿਤ ਨਹੀਂ ਹੋ ਸਕਦਾ, ਭਾਵੇਂ ਇਹ "ਵਧ ਵੀ ਜਾਵੇ" (NJB)।

**ਆਇਤ 7. ਜੇ ਤੂੰ ਧਰਮੀ ਹੈਂ ਤਾਂ ਤੂੰ ਉਹ ਨੂੰ ਕੀ ਦਿੰਦਾ ਹੈਂ, ਯਾ ਉਹ ਤੇਰੇ ਹੱਥੋਂ ਕੀ ਲੈਂਦਾ ਹੈ?** ਇਸੇ ਤਰ੍ਹਾਂ, ਮਨੁੱਖ ਪਰਮੇਸ਼ੁਰ ਨੂੰ ਕਰਜ਼ਾਈ ਬਣਾਉਣ ਲਈ ਚੰਗੇ ਕੰਮ ਨਹੀਂ ਕਰ ਸਕਦਾ। ਪਰਮੇਸ਼ੁਰ ਮਨੁੱਖ ਤੋਂ ਸੁਤੰਤਰ ਤੌਰ ਤੇ ਮੌਜੂਦ ਹੈ ਅਤੇ ਇਸ ਤਰ੍ਹਾਂ ਉਸ ਦਾ ਫਾਇਦਾ ਨਹੀਂ ਉਠਾਇਆ ਜਾ ਸਕਦਾ ਜਾਂ ਮਨੁੱਖ ਦੁਆਰਾ ਉਸ ਨਾਲ ਕੋਈ ਹੇਰਾਫੇਰੀ ਨਹੀਂ ਕੀਤੀ ਜਾ ਸਕਦੀ (ਵੇਖੋ 22:2, 3)।

**ਆਇਤ 8. ਤੇਰੀ ਬਦੀ ਤੇਰੇ ਜਿਹੇ ਮਨੁੱਖ ਲਈ ਹੈ, ਅਤੇ ਤੇਰਾ ਧਰਮ ਆਦਮ ਵੰਸ ਲਈ।** ਜੌਨ ਈ. ਹਾਰਟਲੀ ਨੇ ਦੱਸਿਆ, "ਪਰ ਚੰਗੇ ਜਾਂ ਮਾੜੇ ਕੰਮਾਂ ਲਈ ਮਨੁੱਖ ਦੇ ਕੰਮ ਸਮਾਜ ਵਿਚ ਇਸ ਦੇ ਨਤੀਜੇ ਭੁਗਤਦੇ ਹਨ ... ਅਲੀਹੂ ਦੀ ਦਲੀਲ ਇਹ ਨਹੀਂ ਹੈ ਕਿ ਨੈਤਿਕ ਕੰਮਾਂ ਦਾ ਕੋਈ ਆਤਮਿਕ ਮਹੱਤਤਾ ਨਹੀਂ ਹੈ, ਬਲਕਿ ਉਹ ਪਰਮੇਸ਼ੁਰ ਨੂੰ ਮਨਾਉਣ ਜਾਂ ਮਜਬੂਰ ਕਰਨ ਲਈ ਨਹੀਂ ਵਰਤੇ ਜਾ ਸਕਦੇ।"[5]

## “ਪਰਮੇਸ਼ੁਰ ਮਨੁੱਖ ਦੇ ਹੰਕਾਰ ਦੇ ਕਾਰਨ ਉੱਤਰ ਨਹੀਂ ਦਿੰਦਾ” (35:9-16)

**[9]ਬਹੁਤੇ ਦਾਬਿਆਂ ਦੇ ਕਾਰਨ ਓਹ ਚਿੱਲਾਉਂਦੇ ਹਨ, ਜ਼ੁਰਵਾਣਿਆਂ ਦੀ ਭੁਜਾ ਦੇ ਕਾਰਨ ਓਹ ਦੁਹਾਈ ਦਿੰਦੇ ਹਨ। [10]ਪਰ ਕੋਈ ਨਹੀਂ ਕਹਿੰਦਾ, ਪਰਮੇਸ਼ੁਰ ਮੇਰਾ ਕਰਤਾਰ ਕਿੱਥੇ ਹੈ, ਜਿਹੜਾ ਰਾਤ ਨੂੰ ਬਿਹਾਗ ਦਾ ਰਾਗ ਬਖ਼ਸ਼ਦਾ ਹੈ? [11]ਜਿਹੜਾ ਸਾਨੂੰ ਧਰਤੀ ਤੇ ਡੰਗਰਾਂ ਨਾਲੋਂ, ਅਤੇ ਅਕਾਸ਼ ਦੇ ਪੰਛੀਆਂ ਨਾਲੋਂ ਵਧੀਕ ਬੁੱਧ ਦਿੰਦਾ ਹੈ? [12]ਉੱਥੇ ਓਹ ਦੁਹਾਈ ਦਿੰਦੇ ਹਨ ਪਰ ਉਹ ਉੱਤਰ ਨਹੀਂ ਦਿੰਦਾ, ਬੁਰਿਆਰ ਦੇ ਹੰਕਾਰ ਦੇ ਕਾਰਨ। [13]ਪਰਮੇਸ਼ੁਰ ਸੱਚ ਮੁੱਚ ਵਿਅਰਥ ਦੁਹਾਈ ਨਹੀਂ ਸੁਣਦਾ, ਅਤੇ ਸਰਬ ਸ਼ਕਤੀਮਾਨ ਉਸ ਉੱਤੇ ਧਿਆਨ ਨਹੀਂ ਕਰਦਾ। [14]ਖ਼ਾਸ ਕਰਕੇ ਜਦ ਤੂੰ ਕਹਿੰਦਾ ਹੈ ਕਿ ਮੈਂ ਉਹ ਨੂੰ ਨਹੀਂ ਵੇਖਦਾ, - ਮੁਕੱਦਮਾ ਉਹ ਦੇ ਅੱਗੇ ਹੈ ਅਤੇ ਤੂੰ ਉਹ ਦੀ ਉਡੀਕ ਵਿੱਚ ਹੈਂ। [15]ਪਰ ਹੁਣ ਏਸ ਲਈ ਭਈ ਉਹ ਆਪਣੇ ਕ੍ਰੋਧ ਵਿੱਚ ਨਹੀਂ ਆਇਆ, ਅਤੇ ਹੰਕਾਰ ਉੱਤੇ ਬਹੁਤ ਚਿੱਤ ਨਹੀਂ ਲਾਇਆ, [16]ਤਾਂ ਅੱਯੂਬ ਆਪਣਾ ਮੂੰਹ ਫੋਕੀਆਂ ਗੱਲਾਂ ਲਈ ਖੋਲ੍ਹਦਾ ਹੈ, ਅਤੇ ਬੁੱਧਹੀਨ ਗਲਾਂ ਨੂੰ ਵਧਾਉਂਦਾ ਹੈ।**

ਅਲੀਹੂ ਨੇ ਕਿਹਾ ਕਿ ਪਰਮੇਸ਼ੁਰ ਨੂੰ ਬੇਈਮਾਨ ਲੋਕਾਂ ਲਈ ਉਨ੍ਹਾਂ ਦੇ ਦੁੱਖ ਦੇ ਸਮੇਂ ਵਿਚ ਕੋਈ ਹਮਦਰਦੀ ਨਹੀਂ ਹੈ। ਉਹ ਸਿਰਫ ਉਨ੍ਹਾਂ ਲਈ ਪਰਮੇਸ਼ੁਰ ਨਹੀਂ ਹੈ ਜੋ “ਸੰਕਟ ਵਿਚ” ਹੁੰਦੇ ਹਨ।[6] ਪਰਮੇਸ਼ੁਰ ਉਸ ਦੀ ਇੱਛਾ ਪ੍ਰਤੀ ਆਗਿਆਕਾਰੀ ਦੀ ਮੰਗ ਕਰਦਾ ਹੈ ਅਤੇ ਉਹ ਉਨ੍ਹਾਂ ਨੂੰ ਸਜ਼ਾ ਦੇਵੇਗਾ ਜਿਹੜੇ ਹੰਕਾਰ ਨਾਲ ਫੁੱਲੇ ਹੋਏ ਹਨ।

**ਆਇਤ 9. ਬਹੁਤੇ ਦਾਬਿਆਂ ਦੇ ਕਾਰਨ ਓਹ ਚਿੱਲਾਉਂਦੇ ਹਨ, ਜ਼ੁਰਵਾਣਿਆਂ ਦੀ ਭੁਜਾ ਦੇ ਕਾਰਨ ਓਹ ਦੁਹਾਈ ਦਿੰਦੇ ਹਨ।** ਹੇਲੀ ਨੇ ਸੁਝਾਅ ਦਿੱਤਾ ਸੀ ਕਿ ਇਹ ਅਲੀਹੂ ਦਾ “ਉਨ੍ਹਾਂ ਸਾਰੀਆਂ ਗੱਲਾਂ ਬਾਰੇ ਸਾਰ ਪੇਸ਼ ਕਰਨ ਦਾ ਇਕ ਤਰੀਕਾ ਸੀ ਜੋ ਅੱਯੂਬ ਨੇ ਉਨ੍ਹਾਂ ਦੁਸ਼ਟ ਲੋਕਾਂ ਬਾਰੇ ਕਹੀਆਂ ਸਨ ਜਿਹੜੇ ਆਬਾਦੀ ਵਾਲੇ ਸ਼ਹਿਰਾਂ ਵਿਚ ਦੁਖੀ ਲੋਕਾਂ ਦੀਆਂ ਦੁਹਾਈਆਂ ਅਤੇ ਚੀਕਾਂ ਦੇ ਸੰਬੰਧ ਵਿਚ ਆਪਣੇ ਕਥਨ ਉੱਤੇ ਵਿਸ਼ੇਸ਼ ਜ਼ੋਰ ਦੇ ਕੇ ਬੇਸਹਾਰਾ ਲੋਕਾਂ ਉੱਤੇ ਜ਼ੁਲਮ ਕਰਦੇ ਹਨ (24:12)।”[7] “ਦਾਬਿਆਂ” ਲਈ ਜਿਹੜਾ ਯੂਨਾਨੀ ਸ਼ਬਦ עֲשׁוּקִים *(ਅਸ਼ੁਕਿਮ)* ਵਰਤਿਆ ਗਿਆ ਹੈ ਉਸ ਦਾ ਅਨੁਵਾਦ “ਜ਼ੁਲਮ” ਵੀ ਕੀਤਾ ਜਾ ਸਕਦਾ ਹੈ (ਵੇਖੋ ਉਪਦੇਸ਼ਕ ਦੀ ਪੋਥੀ 4:1; ਆਮੋਸ 3:9)।[8]

**ਆਇਤ 10.** ਦੱਬੇ ਕੁਚਲੇ ਲੋਕ ਦੁਹਾਈ ਦਿੰਦੇ ਹਨ, ਪਰ **ਪਰਮੇਸ਼ੁਰ** [ਉਨ੍ਹਾਂ ਦੇ] **ਕਰਤਾਰ** ਅੱਗੇ ਨਹੀਂ (ਵੇਖੋ ਜ਼ਬੂਰ 95:6, 7; ਯਿਰਮਿਯਾਹ 2:8), ਭਾਵੇਂ ਉਹ ਇਕੱਲਾ ਹੀ **ਰਾਤ ਨੂੰ ਬਿਹਾਗ ਦਾ ਰਾਗ ਬਖ਼ਸ਼ਦਾ ਹੈ।** ਇਹ ਦੁਸ਼ਟ ਦੁਖਿਆਰ ਪਰਮੇਸ਼ੁਰ ਨੂੰ ਨਹੀਂ ਮੰਨਦੇ - ਅਸਲ ਵਿਚ ਉਹ ਪਰਮੇਸ਼ੁਰ ਨੂੰ ਆਪਣੇ ਗਿਆਨ ਵਿਚ ਰੱਖਣ ਤੋਂ ਇਨਕਾਰ ਕਰਦੇ ਹਨ (ਵੇਖੋ ਰੋਮੀਆਂ 1:28-32)। ਫਿਰ ਵੀ, ਉਹ ਕੇਵਲ ਉਹ ਹੈ ਜਿਸ ਦਾ ਦਿਲ ਮੁਸੀਬਤ ਦੇ ਸਮੇਂ ਗਾ ਸਕਦਾ ਹੈ (ਜ਼ਬੂਰਾਂ 42:8; 77:1-6; ਰਸੂਲਾਂ ਦੇ ਕਰਤੱਬ 16:25)।

**ਆਇਤ 11. ਜਿਹੜਾ ਸਾਨੂੰ ਧਰਤੀ ਦੇ ਡੰਗਰਾਂ ਨਾਲੋਂ, ਅਤੇ ਅਕਾਸ਼ ਦੇ ਪੰਛੀਆਂ ਨਾਲੋਂ ਵਧੀਕ ਬੁੱਧ ਦਿੰਦਾ ਹੈ?** ਮੂਲ ਲਿਖਤ ਦਾ ਇਕ ਹੋਰ ਸੰਭਵ ਅਨੁਵਾਦ ਇਹ ਹੈ: “ਜਿਹੜਾ ਸਾਨੂੰ ਧਰਤੀ ਦੇ ਪਸ਼ੂਆਂ *ਤੋਂ* ਸਿਖਾਉਂਦਾ ਹੈ ਅਤੇ ਅਕਾਸ਼ ਦੇ ਪੰਛੀਆਂ *ਤੋਂ* ਬੁੱਧੀਮਾਨ ਬਣਾਉਂਦਾ ਹੈ” (ਵੇਖੋ 12:7-10; 38:39–39:30)। ਇਸ ਆਇਤ ਵਿਚ ਇਬਰਾਨੀ ਕਵਿਤਾ ਵਿਚ ਆਮ ਤੌਰ ਤੇ ਇਕ ਚਰਚਿਤ ਢਾਂਚਾ ਸਪੱਸ਼ਟ ਹੈ। ਅਸਲ ਮੂਲ ਲਿਖਤ ਵਿਚ ਕ੍ਰਮ ਇਕ ABBA ਨਮੂਨੇ ਦਾ ਪਾਲਣ ਕਰਦਾ ਹੈ:

A1: "ਜਿਹੜਾ ਸਾਨੂੰ ਸਿੱਖਿਆ ਦਿੰਦਾ ਹੈ"
B1: "ਧਰਤੀ ਦੇ ਡੰਗਰਾਂ ਨਾਲੋਂ"
B2: "ਅਤੇ ਅਕਾਸ਼ ਦੇ ਪੰਛੀਆਂ ਨਾਲੋਂ ਵਧੀਕ"
A2: "ਬੁੱਧ ਦਿੰਦਾ ਹੈ।"

ਮਾਰਵਿਨ ਐਚ. ਪੋਪ ਨੇ ਟਿੱਪਣੀ ਕੀਤੀ,

> ਇਸ ਮਾਮਲੇ ਵਿਚ ਜਾਨਵਰਾਂ ਨੂੰ ਕੀ ਸਿਖਾਉਣਾ ਚਾਹੀਦਾ ਹੈ ਇਹ ਸਪੱਸ਼ਟ ਨਹੀਂ ਹੈ। ਸ਼ਾਇਦ ਅਲੀਹੂ ਇਹ ਸੁਝਾਅ ਦੇਣਾ ਚਾਹੁੰਦਾ ਹੈ ਕਿ ਕਿਉਂਕਿ ਸਗੋਂ ਜਾਨਵਰ ਵੀ ਆਪਣੀ ਜ਼ਰੂਰਤ ਅਤੇ ਪਰੇਸ਼ਾਨੀ ਦੇ ਸਮੇਂ ਪਰਮੇਸ਼ੁਰ ਦੇ ਅੱਗੇ ਦੁਹਾਈ ਦਿੰਦੇ ਹਨ [ਜ਼ਬੂਰਾਂ 104:21; 147:9; ਯੋਏਲ 1:20], ਅੱਯੂਬ ਨੂੰ ਪਰਮੇਸ਼ੁਰ ਦੀ ਨਿੰਦਾ ਕਰਨ ਦੀ ਬਜਾਇ ਉਨ੍ਹਾਂ ਦੀ ਨਕਲ ਕਰਨੀ ਚਾਹੀਦੀ ਹੈ।[9]

**ਆਇਤ 12. ਉੱਥੇ ਓਹ ਦੁਹਾਈ ਦਿੰਦੇ ਹਨ ਪਰ ਉਹ ਉੱਤਰ ਨਹੀਂ ਦਿੰਦਾ, ਬੁਰਿਆਰ ਦੇ ਹੰਕਾਰ ਦੇ ਕਾਰਨ।** ਰੌਬਰਟ ਐਲ. ਐਲਡਨ ਨੇ ਟਿੱਪਣੀ ਕੀਤੀ, "ਇਹ ਆਇਤ ਕੁਧਰਮੀ ਦੀ ਪ੍ਰਾਰਥਨਾ ਬਾਰੇ ਰਵਾਇਤੀ ਬੁੱਧੀ ਦੇ ਨਜ਼ਰੀਏ ਦਾ ਇਕ ਉੱਤਮ ਕਥਨ ਹੈ। ਜਦ ਤੱਕ ਇਹ ਤੋਬਾ ਦੀ ਦੁਹਾਈ ਨਹੀਂ ਹੁੰਦੀ, ਪਰਮੇਸ਼ੁਰ ਨਹੀਂ ਸੁਣਦਾ।"[10] ਅਲੀਹੂ ਦਲੀਲ ਦੇ ਰਿਹਾ ਸੀ ਕਿ ਪਰਮੇਸ਼ੁਰ ਦੀ ਚੁੱਪ ਅੱਯੂਬ ਦੇ "ਹੰਕਾਰ" ਅਤੇ ਤੋਬਾ ਨਾ ਕਰਨ ਦੀ ਇੱਛਾ ਦੇ ਕਾਰਨ ਸੀ।

**ਆਇਤ 13.** ਦੁਸ਼ਟ ਦੁਖਿਆਰ ਦੀ **ਵਿਅਰਥ ਦੁਹਾਈ** (שָׁוְא, *ਸ਼ਾਅ ਈ)* ਵਿਅਰਥ ਹੈ। ਇਹ ਨਿਹਚਾ ਦੇ ਜੀਵਨ ਤੋਂ ਉਤਪੰਨ ਨਹੀਂ ਹੁੰਦੀ (35:10), ਨਾ ਹੀ ਇਸ ਦਾ ਉੱਤਰ ਪ੍ਰਾਪਤ ਹੁੰਦਾ ਹੈ।

**ਆਇਤ 14. ਖ਼ਾਸ ਕਰਕੇ ਜਦ ਤੂੰ ਕਹਿੰਦਾ ਹੈਂ ਕਿ ਮੈਂ ਉਹ ਨੂੰ ਨਹੀਂ ਵੇਖਦਾ, ਮੁਕੱਦਮਾ ਉਹ ਦੇ ਅੱਗੇ ਹੈ ਅਤੇ ਤੂੰ ਉਹ ਦੀ ਉਡੀਕ ਵਿੱਚ ਹੈਂ।** ਐਚ. ਐਚ. ਰਾਉਲੀ ਨੇ ਦੱਸਿਆ, "ਜੇ ਪਰਮੇਸ਼ੁਰ ਉਨ੍ਹਾਂ ਦੀ ਨਹੀਂ ਸੁਣਦਾ ਜਿਹੜੇ ਉਸ ਵੱਲ ਨਹੀਂ ਮੁੜਦੇ, ਤਾਂ ਉਹ ਉਸ ਅੱਯੂਬ ਨੂੰ ਕਿੰਨਾ ਘੱਟ ਸੁਣੇਗਾ ਜੋ ਉਸ ਵਿਰੁੱਧ ਸ਼ਿਕਾਇਤ ਕਰਦਾ ਹੈ।"[11] ਅੱਯੂਬ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਪਰਮੇਸ਼ੁਰ ਨੂੰ "ਵੇਖਿਆ ਨਹੀਂ" (ਵੇਖੋ 9:11) ਅਤੇ ਕਿਹਾ ਸੀ ਕਿ ਉਸ ਦਾ "ਮੁਕੱਦਮਾ ਉਹ ਦੇ ਅੱਗੇ [ਸੀ]" (ਵੇਖੋ 10:2; 13:6, 18; 23:4)। ਜਦੋਂ ਅਲੀਹੂ ਬੋਲਦਾ ਰਿਹਾ, ਅੱਯੂਬ ਪਰਮੇਸ਼ੁਰ ਵੱਲੋਂ ਜਵਾਬ ਦੀ ਉਡੀਕ ਕਰ ਰਿਹਾ ਸੀ।

**ਆਇਤ 15. ਪਰ ਹੁਣ ਏਸ ਲਈ ਭਈ ਉਹ ਆਪਣੇ ਕ੍ਰੋਧ ਵਿੱਚ ਨਹੀਂ ਆਇਆ, ਅਤੇ ਹੰਕਾਰ ਉੱਤੇ ਬਹੁਤ ਚਿੱਤ ਨਹੀਂ ਲਾਇਆ।** ਇਸ ਆਇਤ ਦਾ ਅਨੁਵਾਦ ਅਤੇ ਅਰਥ ਵਿਵਾਦਪੂਰਨ ਹਨ। ਸ਼ਾਇਦ ਅਲੀਹੂ ਅਜੇ ਵੀ ਅੱਯੂਬ ਦਾ ਵਰਣਨ ਕਰ ਰਿਹਾ ਸੀ, ਜਿਵੇਂ ਕਿ ਆਇਤ 14 ਵਿਚ (ਵੇਖੋ NIV; NJB; NCV)। ਅੱਯੂਬ ਨੇ ਪਹਿਲਾਂ ਸੋਗ ਪਰਗਟ ਕੀਤਾ ਸੀ ਕਿ ਦੁਸ਼ਟ ਲੋਕ ਅਕਸਰ ਪਰਮੇਸ਼ੁਰ ਵੱਲੋਂ ਸਜ਼ਾ ਨਹੀਂ ਪਾਉਂਦੇ ਹਨ।

**ਆਇਤ 16. ਤਾਂ ਅੱਯੂਬ ਆਪਣਾ ਮੂੰਹ ਫੋਕੀਆਂ ਗੱਲਾਂ ਲਈ ਖੋਲ੍ਹਦਾ ਹੈ, ਅਤੇ ਬੁਧਹੀਨ ਗੱਲਾਂ ਨੂੰ ਵਧਾਉਂਦਾ ਹੈ।** ਇਹੀ ਇਲਜ਼ਾਮ ਅਲੀਹੂ ਦੁਆਰਾ ਪਿਛਲੇ ਅਧਿਆਇ ਦੇ ਅਖੀਰ ਵਿਚ ਲਗਾਇਆ ਸੀ (ਵੇਖੋ 34:35)। ਫੋਕੀਆਂ ਗੱਲਾਂ "ਵਿਅਰਥ" ਜਾਂ "ਫਜ਼ੂਲ" ਗੱਲਾਂ ਹਨ।[12] ਹੇਲੀ ਨੇ ਅੱਯੂਬ ਬਾਰੇ ਅਲੀਹੂ ਦੀ ਸਥਿਤੀ ਦਾ ਖੁਲਾਸਾ ਕੀਤਾ: "ਉਸ ਦੀਆਂ ਗੱਲਾਂ ਦੀ ਵਿਅਰਥਤਾ, ਹੰਕਾਰ ਦਾ ਪ੍ਰਭਾਵ ਅਤੇ ਉਸ ਦੀਆਂ ਦੁਹਾਈਆਂ ਦਾ ਖਾਲੀਪਣ ਉਨ੍ਹਾਂ ਦੇ ਸੁਣਨ ਦੇ ਰਾਹ ਵਿਚ ਖੜ੍ਹੇ ਸਨ। ਇਸ ਲਈ, ਅੱਯੂਬ ਪਰਮੇਸ਼ੁਰ ਦੁਆਰਾ ਉਸ ਉੱਤੇ ਨਿਆਂ ਲਿਆਉਣ ਦਾ ਦੋਸ਼ੀ ਠਹਿਰਿਆ।"[13]

# ਪ੍ਰਾਸੰਗਿਕਤਾ

**"ਭਲਾ ਕਰਨ ਦਾ ਕੀ ਫਾਇਦਾ ਹੈ?" (35:3)**

ਸ਼ਾਇਦ ਅਸੀਂ ਸਾਰਿਆਂ ਨੇ ਇਹ ਪ੍ਰਸ਼ਨ ਪੁੱਛਿਆ ਹੈ, "ਭਲਾ ਕਰਨ ਦਾ ਕੀ ਫਾਇਦਾ ਹੈ?" ਹੋ ਸਕਦਾ ਹੈ ਕਿ ਅਸੀਂ ਦੂਜਿਆਂ ਦੇ ਪ੍ਰਤੀ ਦਿਆਲੂ ਅਤੇ ਵਿਚਾਰਸ਼ੀਲ ਸੀ, ਪਰ ਉਨ੍ਹਾਂ ਨੇ ਸਾਡੀ ਦਿਆਲਤਾ ਤੋਂ ਇਨਕਾਰ ਕਰ ਦਿੱਤਾ। ਹੋ ਸਕਦਾ ਹੈ ਕਿ ਅਸੀਂ ਕਿਸੇ ਹੋਰ ਦੀ ਮਦਦ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸਾਨੂੰ ਮਖੌਲ ਅਤੇ ਅਪਮਾਨ ਦਾ ਸਾਹਮਣਾ ਕਰਨਾ ਪਿਆ। ਨਤੀਜੇ ਵਜੋਂ, ਅਸੀਂ ਪੁੱਛਿਆ, "ਭਲਾ ਕਰਨ ਦਾ ਕੀ ਫਾਇਦਾ ਹੈ?"

ਇਸ ਕਿਸਮ ਦਾ ਪ੍ਰਸ਼ਨ 35ਵੇਂ ਅਧਿਆਇ ਵਿਚ ਉੱਠਦਾ ਹੈ। ਉੱਥੇ ਅਲੀਹੂ ਨੇ ਅੱਯੂਬ ਦਾ ਹਵਾਲਾ ਦਿੰਦੇ ਹੋਏ ਕਿਹਾ, "ਮੈਨੂੰ ਪਾਪ ਕਰਨ ਨਾਲੋਂ ਹੁਣ ਕੀ ਫ਼ੈਦਾ ਹੈਗਾ?" (35:3)। ਨਿਰਾਸ਼ਾ ਦੇ ਇਕ ਪਲ ਵਿਚ, ਅੱਯੂਬ ਨੇ ਪਹਿਲਾਂ ਵੀ ਇਸ ਇਹੋ ਜਿਹਾ ਪ੍ਰਸ਼ਨ ਪੁੱਛਿਆ ਸੀ: "ਮੈਂ ਦੋਸ਼ੀ ਠਹਿਰਾਂਗਾ, ਮੈਂ ਕਿਉਂ ਵਿਅਰਥ ਕਸ਼ਟ ਝੱਲਾਂ?" (9:29)। ਹਾਲਾਂਕਿ ਸਹੀ ਕੰਮ ਕਰਨ ਲਈ ਹਮੇਸ਼ਾ ਫੌਰੀ, ਠੋਸ ਇਨਾਮ ਪ੍ਰਾਪਤ ਨਹੀਂ ਹੋ ਸਕਦੇ, ਪਰ ਅਸੀਂ ਭਰੋਸਾ ਕਰ ਸਕਦੇ ਹਾਂ ਕਿ ਆਖ਼ਰਕਾਰ ਵੱਡੇ ਲਾਭ ਹੋਣਗੇ।

*ਪਹਿਲੀ ਗੱਲ ਇਹ ਹੈ ਕਿ ਭਲਾ ਕਰਨਾ ਸਾਨੂੰ ਪਰਮੇਸ਼ੁਰ ਨੂੰ ਖੁਸ਼ ਕਰਨ ਦੇ ਯੋਗ ਬਣਾਉਂਦਾ ਹੈ।* ਕਿਉਂਕਿ ਪਰਮੇਸ਼ੁਰ ਸਾਡਾ ਸਿਰਜਣਹਾਰ ਹੈ, ਇਸ ਲਈ ਉਸ ਨੂੰ ਖੁਸ਼ ਕਰਨਾ ਸਾਡੀ ਜ਼ਿੰਦਗੀ ਦੀ ਇੱਛਾ ਹੋਣੀ ਚਾਹੀਦੀ ਹੈ। ਜ਼ਿਆਦਾਤਰ ਬੱਚੇ, ਘੱਟੋ-ਘੱਟ ਆਪਣੀ ਜਵਾਨੀ ਦੇ ਸਾਲਾਂ ਵਿਚ, ਆਪਣੇ ਮਾਪਿਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਿਸ ਤਰ੍ਹਾਂ ਇਹ ਨੌਜਵਾਨ ਚਾਹੁੰਦੇ ਹਨ ਕਿ ਉਨ੍ਹਾਂ ਦੇ ਪਿਤਾ ਅਤੇ ਮਾਵਾਂ ਉਨ੍ਹਾਂ ਤੇ ਮਾਣ ਕਰਨ, ਉਸੇ ਤਰ੍ਹਾਂ ਸਾਨੂੰ ਵੀ ਇਹ ਇੱਛਾ ਰੱਖਣੀ ਚਾਹੀਦੀ ਹੈ ਕਿ ਸਾਡੇ ਸੁਰਗੀ ਪਿਤਾ ਨੂੰ ਸਾਡੇ ਉੱਤੇ ਮਾਣ ਹੋਵੇ। ਬੱਚੇ ਆਪਣੇ ਮਾਪਿਆਂ ਦੀ ਨਕਲ ਕਰਨਾ ਵੀ ਪਸੰਦ ਕਰਦੇ ਹਨ। ਜਦੋਂ ਅਸੀਂ ਭਲਾ ਕਰਦੇ ਹਾਂ, ਅਸੀਂ ਪਰਮੇਸ਼ੁਰ ਦੀ ਨਕਲ ਕਰ ਰਹੇ ਹੁੰਦੇ ਹਾਂ (ਵੇਖੋ ਮੱਤੀ 5:48; ਅਫ਼ਸੀਆਂ 5:1; 1 ਪਤਰਸ 1:15, 16)। ਮਸੀਹੀ ਲੋਕ ਮਸੀਹ ਵਿਚ ਪਰਗਟ ਕੀਤੀ ਗਈ ਪਰਮੇਸ਼ੁਰ ਦੀ ਕਿਰਪਾ ਦੇ ਰਾਹੀਂ ਬਚਾਏ ਗਏ ਹਨ। ਨਤੀਜੇ ਵਜੋਂ, "ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿੱਚ ਲੱਗੇ ਰਹੀਏ" (ਅਫ਼ਸੀਆਂ 2:10)। ਇਬਰਾਨੀਆਂ ਦੇ ਲੇਖਕ ਨੇ ਲਿਖਿਆ, "ਪਰ ਭਲਾ ਕਰਨੋਂ ਅਤੇ ਪਰਉਪਕਾਰ ਕਰਨੋਂ ਨਾ ਭੁੱਲਿਓ ਕਿਉਂਕਿ ਅਜੇਹਿਆਂ ਬਲੀਦਾਨਾਂ ਤੋਂ ਪਰਮੇਸ਼ੁਰ ਪਰਸੰਨ ਹੁੰਦਾ ਹੈ" (ਇਬਰਾਨੀਆਂ 13:16)।

*ਭਲਾ ਕਰਨ ਲਈ ਵਚਨਬੱਧ ਹੋਣਾ ਸਾਨੂੰ ਸ਼ੁੱਧ ਅੰਤਹਕਰਨ ਦਿੰਦਾ ਹੈ।* ਕੁਝ ਲੋਕ ਅਪਰਾਧ ਦੁਆਰਾ ਨਿਰੰਤਰ ਸਤਾਏ ਜਾਂਦੇ ਹਨ। ਸ਼ਾਇਦ ਉਹ ਉਨ੍ਹਾਂ ਪਾਪਾਂ ਦੇ ਕਾਰਨ ਪਰੇਸ਼ਾਨ ਹਨ ਜੋ ਉਨ੍ਹਾਂ ਨੇ ਕੀਤੇ ਹਨ। ਹੋ ਸਕਦਾ ਹੈ ਕਿ ਉਹ ਦੂਜਿਆਂ ਦੀ ਸੇਵਾ ਕਰਨ ਦੇ ਮੌਕਿਆਂ ਨੂੰ ਨਾ ਲੈ ਕੇ ਪਛਤਾਉਂਦੇ ਹੋਣ। ਇਸ ਦੇ ਉਲਟ, ਜੋ ਲੋਕ ਸਹੀ ਕੰਮ ਕਰਨ ਵਿੱਚ ਲੱਗੇ ਰਹਿੰਦੇ ਹਨ, ਉਹ ਇਸ ਤਰ੍ਹਾਂ ਦੇ ਪਛਤਾਵੇ ਨਾਲ ਨਹੀਂ ਜੀਉਂਦੇ। ਪਹਿਲੀ ਗੱਲਬਾਤ ਵਿਚ, ਅੱਯੂਬ ਨੇ ਕਿਹਾ ਸੀ, "ਮੈਂ ਆਪਣਾ ਧਰਮ ਤਕੜਾਈ ਨਾਲ ਫੜਿਆ, ਅਤੇ ਉਹ ਨੂੰ ਨਾ ਜਾਣ ਦਿਆਂਗਾ, ਮੇਰਾ ਅੰਤਹਕਰਨ ਮੈਨੂੰ ਉਮਰ ਭਰ ਉਲਾਹਮਾ ਨਾ ਦੇਵੇਗਾ" (27:6; NIV)। ਬਪਤਿਸਮਾ ਲੈਣ ਸਮੇਂ ਮਸੀਹੀ ਵਿਅਕਤੀ ਨੂੰ ਮਸੀਹ ਦੇ ਲਹੂ ਦੁਆਰਾ ਸ਼ੁੱਧ ਕੀਤਾ ਗਿਆ ਹੈ (ਇਬਰਾਨੀਆਂ 10:22)। ਦਰਅਸਲ, ਬਪਤਿਸਮਾ "ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ

ਭਾਲਣਾ" ਹੈ (1 ਪਤਰਸ 3:21)। NIV ਬਾਈਬਲ ਵਿਚ "ਪਰਮੇਸ਼ੁਰ ਪ੍ਰਤੀ ਚੰਗੇ ਅੰਤਹਕਰਨ ਦਾ ਵਾਅਦਾ" ਹੈ। ਮਸੀਹੀ ਬਣਨ ਤੋਂ ਬਾਅਦ, ਮਸੀਹੀ ਵਿਅਕਤੀ ਨੂੰ ਪਰਮੇਸ਼ੁਰ ਸਾਹਮਣੇ ਇਕ ਸ਼ੁੱਧ ਅੰਤਹਕਰਨ ਰੱਖਦੇ ਹੋਏ ਹਰ ਰੋਜ਼ ਵਫ਼ਾਦਾਰੀ ਨਾਲ ਜੀਉਣਾ ਚਾਹੀਦਾ ਹੈ। ਇਬਰਾਨੀਆਂ 13:18 ਕਹਿੰਦੀ ਹੈ, "ਸਾਡੇ ਲਈ ਪ੍ਰਾਰਥਨਾ ਕਰੋ ਕਿਉਂ ਜੋ ਸਾਨੂੰ ਨਿਹਚਾ ਹੈ ਭਈ ਸਾਡਾ ਅੰਤਹਕਰਨ ਸ਼ੁੱਧ ਹੈ ਅਤੇ ਅਸੀਂ ਸਾਰੀਆਂ ਗੱਲਾਂ ਵਿੱਚ ਨੇਕੀ ਨਾਲ ਉਮਰ ਬਤੀਤ ਕਰਨੀ ਚਾਹੁੰਦੇ ਹਾਂ।"

*ਭਲਾ ਕਰਕੇ, ਅਸੀਂ ਦੂਜਿਆਂ ਲਈ ਇਕ ਸਹੀ ਨਮੂਨਾ ਰੱਖਦੇ ਹਾਂ।* ਲੋਕ ਹਮੇਸ਼ਾ ਸਾਨੂੰ ਵੇਖ ਰਹੇ ਹੁੰਦੇ ਹਨ। ਜੇਕਰ ਸਾਡੇ ਕੰਮ ਬੁਰੇ ਹਨ, ਤਾਂ ਅਸੀਂ ਦੂਜਿਆਂ ਨੂੰ ਪਰਮੇaਸ਼ੁਰ ਦੇ ਵਿਰੁੱਧ ਬਗਾਵਤ ਕਰਨ ਲਈ ਪ੍ਰਭਾਵਿਤ ਕਰ ਸਕਦੇ ਹਾਂ। ਜੇ ਸਾਡਾ ਵਿਹਾਰ ਸਹੀ ਹੈ, ਤਾਂ ਅਸੀਂ ਦੂਜਿਆਂ ਨੂੰ ਪਰਮੇਸ਼ੁਰ ਦੇ ਪਿੱਛੇ ਚੱਲਣ ਲਈ ਪ੍ਰੇਰਿਤ ਕਰ ਸਕਦੇ ਹਾਂ। ਪੌਲੁਸ ਨੇ ਖੁਸ਼ਖ਼ਬਰੀ ਪਰਚਾਰਕ ਤਿਮੋਥਿਉਸ ਨੂੰ ਹਦਾਇਤ ਦਿੱਤੀ, "ਕੋਈ ਤੇਰੀ ਜੁਆਨੀ ਨੂੰ ਤੁੱਛ ਨਾ ਜਾਣੇ ਸਗੋਂ ਤੂੰ ਨਿਹਚਾਵਾਨਾਂ ਲਈ ਬਚਨ ਵਿੱਚ, ਚਾਲ ਚਲਣ ਵਿੱਚ, ਪ੍ਰੇਮ ਵਿੱਚ, ਨਿਹਚਾ ਵਿੱਚ, ਪਵਿੱਤਰਤਾਈ ਵਿੱਚ, ਨਮੂਨਾ ਬਣੀਂ" (1 ਤਿਮੋਥਿਉਸ 4:12; NIV)। ਭਾਵੇਂ ਅਸੀਂ ਜਵਾਨ ਹਾਂ ਜਾਂ ਬੁੱਢੇ, ਅਸੀਂ ਦੂਜਿਆਂ ਲਈ ਨਕਲ ਕਰਨ ਲਈ ਸਕਾਰਾਤਮਕ ਨਮੂਨੇ ਰੱਖ ਸਕਦੇ ਹਾਂ। ਅਸੀਂ ਉੱਦਮ ਅਤੇ ਧੀਰਜ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਾਲ ਨਜਿੱਠ ਸਕਦੇ ਹਾਂ। ਅਸੀਂ ਆਪਣੇ ਸ਼ਬਦਾਂ ਦੀ ਵਰਤੋਂ ਦੂਜਿਆਂ ਨੂੰ ਬਰਕਤ ਅਤੇ ਹੱਲਾਸ਼ੇਰੀ ਦੇਣ ਲਈ ਕਰ ਸਕਦੇ ਹਾਂ। ਅਸੀਂ ਆਪਣੇ ਪਰਿਵਾਰਕ ਸੰਬੰਧਾਂ ਅਤੇ ਪ੍ਰਭੂ ਦੀ ਕਲੀਸੀਆ ਦੇ ਪ੍ਰਤੀ ਸਾਡੀ ਵਚਨਬੱਧਤਾ ਦੁਆਰਾ ਵਫ਼ਾਦਾਰੀ ਦਾ ਨਮੂਨਾ ਪੇਸ਼ ਕਰ ਸਕਦੇ ਹਾਂ।

ਸਾਡੇ ਚੰਗੇ ਨਮੂਨੇ ਸਾਡੇ ਦੁਸ਼ਮਣਾਂ ਦੀਆਂ ਜ਼ਿੰਦਗੀਆਂ ਵਿਚ ਵੀ ਫ਼ਰਕ ਲਿਆਉਣਗੇ। ਪਤਰਸ ਨੇ ਆਪਣੇ ਸਾਥੀ ਮਸੀਹੀਆਂ ਨੂੰ ਕਿਹਾ, "ਅਤੇ ਪਰਾਈਆਂ ਕੌਮਾਂ ਵਿੱਚ ਆਪਣੀ ਚਾਲ ਨੇਕ ਰੱਖੋ ਭਈ ਜਿਸ ਗੱਲ ਵਿੱਚ ਓਹ ਤੁਹਾਨੂੰ ਬੁਰਿਆਰ ਜਾਣ ਕੇ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਤੁਹਾਡੇ ਸ਼ੁਭ ਕਰਮਾਂ ਦੇ ਕਾਰਨ ਜਿਹੜੇ ਵੇਖਦੇ ਹਨ ਓਸ ਦਿਨ ਜਦ ਉਨ੍ਹਾਂ ਉੱਤੇ ਦਯਾ ਦਰਿਸ਼ਟੀ ਹੋਵੇ ਪਰਮੇਸ਼ੁਰ ਦੀ ਵਡਿਆਈ ਕਰਨ" (1 ਪਤਰਸ 2:12)। ਉਸ ਨੇ ਉਨ੍ਹਾਂ ਨੂੰ ਇਹ ਵੀ ਹਦਾਇਤ ਦਿੱਤੀ ਕਿ "ਅੰਤਹਕਰਨ ਸ਼ੁੱਧ ਰੱਖੋ ਭਈ ਓਹ ਜਿਹੜੇ ਤੁਹਾਡੀ ਸ਼ੁਭ ਚਾਲ ਨੂੰ ਜੋ ਮਸੀਹ ਵਿੱਚ ਹੈ ਮੰਦਾ ਆਖਦੇ ਹਨ ਸੋ ਜਿਸ ਗੱਲ ਵਿੱਚ ਓਹ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਲੱਜਿਆਵਾਨ ਹੋਣ" (1 ਪਤਰਸ 3:16)। ਸਾਡੇ ਨੇਕ ਕੰਮ ਸਾਡੇ ਆਲੋਚਕਾਂ ਨੂੰ ਚੁੱਪ ਕਰਾ ਸਕਦੇ ਹਨ।

*ਭਲਾ ਕਰਕੇ, ਅਸੀਂ ਸੁਰਗ ਵਿਚ ਧਨ ਜੋੜਦੇ ਹਾਂ।* ਜਦ ਕਿ ਕਈ ਵਾਰ ਇਹ ਲੱਗਦਾ ਹੈ ਕਿ ਸਾਡੀਆਂ ਕੋਸ਼ਿਸ਼ਾਂ ਇਸ ਜ਼ਿੰਦਗੀ ਵਿਚ ਲਾਭਕਾਰੀ ਨਹੀਂ ਹਨ, ਕਿਸੇ ਨਾ ਕਿਸੇ ਦਿਨ ਉਹ ਜ਼ਰੂਰ ਲਾਭਕਾਰੀ ਹੋਣਗੀਆਂ। ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਸਵਰਗ ਜਾਣ ਲਈ ਆਪਣਾ ਰਾਹ ਕਮਾਉਂਦੇ ਹਾਂ; ਪਰਮੇਸ਼ੁਰ ਨਾਲ ਸੰਗਤੀ ਸਿਰਫ ਮਸੀਹ ਦੇ ਲਹੂ ਦੁਆਰਾ ਸੰਭਵ ਹੈ। ਪਰ, ਇਸ ਦਾ ਮਤਲਬ ਇਹ ਹੈ ਕਿ ਪਰਮੇਸ਼ੁਰ ਸਾਡੀ ਵਫ਼ਾਦਾਰ ਸੇਵਾ ਲਈ ਸਾਨੂੰ ਫਲ ਦੇਵੇਗਾ। ਇਸ ਤੋਂ ਇਲਾਵਾ ਕੁਝ ਹੋਰ ਕਹਿਣਾ ਯਿਸੂ ਦੀ ਸਿੱਖਿਆ ਦਾ ਖੰਡਨ ਕਰਨਾ ਹੈ, ਜਿਸ ਨੇ ਆਪਣੇ ਚੇਲਿਆਂ ਨੂੰ ਹਦਾਇਤ ਦਿੱਤੀ ਸੀ ਕਿ "ਸੁਰਗ ਵਿੱਚ ਆਪਣੇ ਲਈ ਧਨ ਜੋੜੋ" (ਮੱਤੀ 6:20)। ਉਨ੍ਹਾਂ ਲੋਕਾਂ ਨੂੰ ਜੋ ਭਲਾ ਕਰਨ ਲਈ ਸਤਾਏ ਗਏ ਸਨ, ਉਸ ਨੇ ਕਿਹਾ, "ਅਨੰਦ ਹੋਵੋ ਅਤੇ ਖੁਸ਼ੀ ਕਰੋ ਕਿਉਂ ਜੋ ਤੁਹਾਡਾ ਫਲ ਸੁਰਗ ਵਿੱਚ ਬਹੁਤ ਹੈ ਇਸ ਲਈ ਜੋ ਉਨ੍ਹਾਂ ਨੇ ਤੁਹਾਥੋਂ ਅਗਲਿਆਂ ਨਬੀਆਂ ਨੂੰ ਇਸੇ ਤਰਾਂ ਸਤਾਇਆ ਸੀ" (ਮੱਤੀ 5:12)। ਪਰਮੇਸ਼ੁਰ ਸਭ ਜਾਣਦਾ

ਹੈ ਜੋ ਅਸੀਂ ਉਸ ਦੇ ਲਈ ਕਰਦੇ ਹਾਂ, ਇੱਥੋਂ ਤੱਕ ਕਿ ਉਹ ਕੰਮ ਜੋ ਅਸੀਂ ਗੁਪਤ ਵਿਚ ਕਰਦੇ ਹਾਂ, ਉਹ ਸਾਨੂੰ ਉਨ੍ਹਾਂ ਦਾ ਵੀ ਫਲ ਦੇਵੇਗਾ (ਮੱਤੀ 6:18)। ਯਿਸੂ ਨੇ ਵਾਅਦਾ ਕੀਤਾ ਸੀ, "ਕਿਉਂ ਜੋ ਮਨੁੱਖ ਦਾ ਪੁੱਤ੍ਰ ਆਪਣੇ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਨਾਲ ਆਵੇਗਾ ਅਤੇ ਉਸ ਸਮੇਂ ਉਹ ਹਰੇਕ ਨੂੰ ਉਹ ਦੀ ਕਰਨੀ ਮੂਜਬ ਫਲ ਦੇਵੇਗਾ" (ਮੱਤੀ 16:27; ਵੇਖੋ ਅਫ਼ਸੀਆਂ 6:8)।

"ਭਲਾ ਕਰਨ ਦਾ ਕੀ ਫ਼ਾਇਦਾ ਹੈ?" ਅਸੀਂ ਪਰਮੇਸ਼ੁਰ ਦੀ ਮਹਿਮਾ ਲਈ ਬਣਾਏ ਗਏ ਸੀ ਅਤੇ ਜਿਨ੍ਹਾਂ ਨੇ ਨਵਾਂ ਜਨਮ ਪਾਇਆ ਹੈ ਚੰਗੇ ਕੰਮ ਕਰਨ ਲਈ "ਮੁੜ ਤੋਂ ਬਣਾਏ ਗਏ" ਹਨ ਜਿਨ੍ਹਾਂ ਤੋਂ ਉਹ ਖੁਸ਼ ਹੁੰਦਾ ਹੈ। ਜਦੋਂ ਅਸੀਂ ਉਹ ਕਰਦੇ ਹਾਂ ਜੋ ਸਹੀ ਹੈ, ਅਸੀਂ ਆਪਣੇ ਅੰਤਹਕਰਨ ਨੂੰ ਸੌਖਾ ਮਹਿਸੂਸ ਕਰਾਉਂਦੇ ਹਾਂ ਅਤੇ ਰਾਤ ਨੂੰ ਚੰਗੀ ਤਰ੍ਹਾਂ ਅਰਾਮ ਕਰ ਸਕਦੇ ਹਾਂ। ਇਸ ਤੋਂ ਇਲਾਵਾ, ਅਸੀਂ ਅਜਿਹੇ ਨਮੂਨੇ ਸਥਾਪਤ ਕਰਦੇ ਹਾਂ ਜਿਨ੍ਹਾਂ ਦੀ ਦੂਜੇ ਲੋਕ ਨਕਲ ਕਰ ਸਕਦੇ ਹਨ। ਅਖ਼ੀਰ ਵਿਚ, ਪਰਮੇਸ਼ੁਰ ਸਾਡੀ ਉਸ ਪ੍ਰਤੀ ਵਫ਼ਾਦਾਰ ਸੇਵਾ ਲਈ ਸਾਨੂੰ ਬਰਕਤ ਦੇਵੇਗਾ।

**ਰਾਤ ਨੂੰ ਬਿਹਾਗ ਦਾ ਰਾਗ (35:10)**

ਰਾਤ ਦਾ ਸਮਾਂ ਬਹੁਤ ਹੀ ਸ਼ਾਂਤੀਪੂਰਨ ਅਤੇ ਸਕੂਨ ਵਾਲਾ ਹੋ ਸਕਦਾ ਹੈ। ਦਿਨ ਦੀ ਤੁਲਨਾ ਵਿਚ, ਰਾਤ ਨੂੰ ਅਕਸਰ ਜ਼ਿਆਦਾ ਖਾਮੋਸ਼ੀ ਹੁੰਦੀ ਹੈ। ਗਰਮੀਆਂ ਦੇ ਸਮੇਂ ਰਾਤ ਦੀਆਂ ਠੰਡੀਆਂ ਹਵਾਵਾਂ ਦਿਨ ਦੀ ਭਿਆਨਕ ਗਰਮੀ ਤੋਂ ਰਾਹਤ ਹੁੰਦੀਆਂ ਹਨ। ਇਹ ਅਰਾਮ ਅਤੇ ਸੌਣ ਦਾ ਸਮਾਂ ਹੁੰਦਾ ਹੈ। ਪਰ, ਰਾਤ ਦਾ ਸਮਾਂ ਹਨੇਰੇ ਦੁਆਰਾ ਵੀ ਦਰਸਾਇਆ ਗਿਆ ਹੈ ਅਤੇ ਬੁਰਾਈ ਅਤੇ ਮੁਸੀਬਤ ਦੇ ਪ੍ਰਤੀਕ ਵਜੋਂ ਕੰਮ ਕਰ ਸਕਦਾ ਹੈ (ਵੇਖੋ 24:13-17)। ਸੀ. ਐਚ. ਸਪੱਰਜੀਅਨ ਨੇ ਕਿਹਾ ਹੈ,

> ਅਤੇ ਸਾਡੇ ਕੋਲ ਬਹੁਤ ਸਾਰੀਆਂ ਰਾਤਾਂ ਹਨ - ਦੁੱਖ ਦੀਆਂ ਰਾਤਾਂ, ਸਤਾਓ ਦੀਆਂ ਰਾਤਾਂ, ਸ਼ੱਕ ਦੀਆਂ ਰਾਤਾਂ, ਘਬਰਾਹਟ ਦੀਆਂ ਰਾਤਾਂ, ਬੇਚੈਨੀ ਦੀਆਂ ਰਾਤਾਂ, ਕਹਿਰ ਦੀਆਂ ਰਾਤਾਂ, ਅਗਿਆਨਤਾ ਦੀਆਂ ਰਾਤਾਂ - ਹਰ ਕਿਸਮ ਦੀਆਂ ਰਾਤਾਂ, ਜੋ ਸਾਡੀਆਂ ਆਤਮਾਵਾਂ ਉੱਤੇ ਦਬਾਅ ਪਾਉਂਦੀਆਂ ਹਨ ਅਤੇ ਸਾਡੀਆਂ ਰੂਹਾਂ ਨੂੰ ਡਰਾਉਂਦੀਆਂ ਹਨ। ਪਰ, ਧੰਨ ਹੈ ਪਰਮੇਸ਼ੁਰ, ਮਸੀਹੀ ਵਿਅਕਤੀ ਕਹਿ ਸਕਦਾ ਹੈ, "ਮੇਰਾ ਪਰਮੇਸ਼ੁਰ ਮੈਨੂੰ ਰਾਤ ਨੂੰ ਬਿਹਾਗ ਦਾ ਰਾਗ (ਗੀਤ) ਦਿੰਦਾ ਹੈ।"[14]

ਪਰਮੇਸ਼ੁਰ ਸਾਡੇ "ਰਾਤ ਦੇ ਗੀਤਾਂ" ਦਾ ਸ੍ਰੋਤ ਹੈ। ਸਾਡੀ ਸਭ ਤੋਂ ਮੁਸ਼ਕਲ ਘੜੀ ਵਿਚ, ਉਹ ਸਾਨੂੰ ਆਸ ਦੇ ਗੀਤ ਦਿੰਦਾ ਹੈ ਜੋ ਸਾਡੀਆਂ ਰੂਹਾਂ ਨੂੰ ਅੰਦਰੋਂ ਉਤੇਜਿਤ ਕਰਦੇ ਹਨ। ਇਹ ਸ਼ਾਇਦ ਪਰਮੇਸ਼ੁਰ ਦੀ ਵਫ਼ਾਦਾਰੀ, ਸ਼ਕਤੀ ਅਤੇ ਪ੍ਰੇਮ ਦਾ ਜਸ਼ਨ ਮਨਾ ਸਕਦੇ ਹਨ। ਉਹ ਸ਼ਾਇਦ ਇਹ ਵੀ ਯਾਦ ਕਰ ਸਕਦੇ ਹਨ ਜੋ ਪਰਮੇਸ਼ੁਰ ਨੇ ਬੀਤੇ ਸਮੇਂ ਵਿਚ ਕੀਤਾ ਹੈ ਜਾਂ ਉਸ ਵਿਚ ਅਨੰਦ ਮਨਾ ਸਕਦੇ ਹਨ ਜੋ ਪਰਮੇਸ਼ੁਰ ਭਵਿੱਖ ਵਿਚ ਕਰੇਗਾ।

ਪੁਰਾਣੇ ਨੇਮ ਵਿਚ, ਹਬੱਕੂਕ ਨੂੰ "ਰਾਤ ਨੂੰ ਗੀਤ" ਦਿੱਤਾ ਗਿਆ ਸੀ। ਨਬੀ ਬਹੁਤ ਜ਼ਿਆਦਾ ਪਰੇਸ਼ਾਨ ਹੋ ਗਿਆ ਸੀ ਜਦੋਂ ਉਸ ਪਰਮੇਸ਼ੁਰ ਨੇ ਉਸ ਨੂੰ ਦੱਸਿਆ ਕਿ ਉਹ ਉਸ ਦੇ ਆਪਣੇ ਲੋਕਾਂ ਅਰਥਾਤ ਇਸਰਾਏਲੀਆਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦੇਣ ਲਈ ਬਾਬਲ ਦੇ ਦੁਸ਼ਟ ਲੋਕਾਂ ਨੂੰ ਇਸਤੇਮਾਲ ਕਰੇਗਾ। ਯਰੂਸ਼ਲਮ ਨੂੰ ਬਰਬਾਦ ਕਰ ਦਿੱਤਾ ਜਾਵੇਗਾ ਅਤੇ ਯਹੋਵਾਹ ਦੀ ਹੈਕਲ ਨੂੰ ਤਬਾਹ ਕਰ ਦਿੱਤਾ ਜਾਵੇਗਾ। ਸੱਚਮੁੱਚ ਇਹ ਇਕ ਹਨੇਰੀ ਰਾਤ ਹੋਵੇਗੀ! ਉਸ ਦੀ ਨਿਰਾਸ਼ਾ ਵਿਚ ਵੀ, ਪਰਮੇਸ਼ੁਰ ਨੇ ਹਬੱਕੂਕ ਦੇ ਦਿਲ ਵਿਚ ਇਕ ਗੀਤ ਪਾਇਆ - ਇਕ ਅਜਿਹਾ ਗੀਤ ਜਿਸ ਨੇ ਯਹੋਵਾਹ ਦੀ ਵਫ਼ਾਦਾਰੀ ਅਤੇ ਛੁਟਕਾਰੇ ਦਾ ਜਸ਼ਨ

ਮਨਾਇਆ, ਇਕ ਉਮੀਦ ਦਾ ਗੀਤ:

> ਭਾਵੇਂ ਹਜੀਰ ਦਾ ਬਿਰਛ ਨਾ ਫਲੇ ਫੁੱਲੇ, ਨਾ ਅੰਗੂਰੀ ਵੇਲਾਂ ਉੱਤੇ ਫਲ ਹੋਵੇ, ਭਾਵੇਂ ਜ਼ੈਤੂਨ ਦੇ ਬਿਰਛ ਦਾ ਹਾਸਲ ਘਟੇ, ਅਤੇ ਖੇਤ ਅੰਨ ਨਾ ਦੇਣ, ਭਾਵੇਂ ਇੱਜੜ ਵਾੜੇ ਵਿੱਚੋਂ ਕੱਟੇ ਜਾਣ, ਅਤੇ ਵੱਗ ਕੁਰ੍ਹਾਂ ਵਿੱਚ ਨਾ ਹੋਣ, ਤਾਂ ਵੀ ਮੈਂ ਯਹੋਵਾਹ ਵਿੱਚ ਬਾਗ ਬਾਗ ਹੋਵਾਂਗਾ, ਮੈਂ ਆਪਣੇ ਮੁਕਤੀ ਦਾਤੇ ਪਰਮੇਸ਼ੁਰ ਵਿੱਚ ਖੁਸ਼ੀ ਮਨਾਵਾਂਗਾ। ਪ੍ਰਭੂ ਯਹੋਵਾਹ ਮੇਰਾ ਬਲ ਹੈ, ਉਹ ਮੇਰੇ ਪੈਰ ਹਰਨੀਆਂ ਵਰਗੇ ਬਣਾਉਂਦਾ ਹੈ, ਅਤੇ ਮੈਨੂੰ ਮੇਰੀਆਂ ਉੱਚਿਆਈਆਂ ਉੱਤੇ ਤੋਰਦਾ ਹੈ (ਹਬੱਕੂਕ 3:17-19)।

ਨਵੇਂ ਨੇਮ ਵਿਚ, ਪੌਲੁਸ ਅਤੇ ਸੀਲਾਸ ਦੀ ਮਿਸ਼ਨਰੀ ਜੋੜੀ ਨੇ “ਰਾਤ ਨੂੰ ਗੀਤ” ਗਾਏ। ਪੌਲੁਸ ਅਤੇ ਉਸ ਦੇ ਸਾਥੀ “ਮਕਦੂਨਿਯਾ ਦੀ ਬੁਲਾਹਟ” ਮਿਲਣ ਤੋਂ ਬਾਅਦ ਏਜ਼ੀਅਨ ਸਾਗਰ ਦੇ ਪਾਰ ਤ੍ਰੋਆਸ ਤੋਂ ਫ਼ਿਲਿੱਪੈ ਗਏ ਸਨ। ਉਨ੍ਹਾਂ ਨੂੰ ਸ਼ਹਿਰ ਦੇ ਬਾਹਰ ਪ੍ਰਾਰਥਨਾ ਦੀ ਜਗ੍ਹਾ ਮਿਲੀ ਸੀ ਜਿੱਥੇ ਉਨ੍ਹਾਂ ਨੇ ਲੁਦਿਯਾ ਅਤੇ ਉਸ ਦੇ ਘਰਾਣੇ ਨੂੰ ਸਿੱਖਿਆ ਅਤੇ ਬਪਤਿਸਮਾ ਦਿੱਤਾ। ਜਿਉਂ-ਜਿਉਂ ਖੁਸ਼ਖ਼ਬਰੀ ਅੱਗੇ ਵੱਧ ਰਹੀ ਸੀ, ਪੌਲੁਸ ਇਕ ਗੋੱਲੀ ਦੁਆਰਾ ਵਿਚਲਿਤ ਹੋ ਗਿਆ ਜਿਹ ਦੇ ਵਿਚ ਭੇਤ ਬੁਝਣ ਦੀ ਰੂਹ ਸੀ। ਉਸ ਗੋੱਲੀ ਦੇ ਵਿੱਚੋਂ ਆਤਮਾ ਨੂੰ ਕੱਢਣ ਤੋਂ ਬਾਅਦ, ਪੌਲੁਸ ਅਤੇ ਸੀਲਾਸ ਨੂੰ ਉਸ ਗੋੱਲੀ ਦੇ ਮਾਲਕ ਖਿੱਚ ਕੇ ਹਾਕਮਾਂ ਦੇ ਕੋਲ ਲੈ ਗਏ। ਤਦ ਮੁੱਖ ਹਾਕਮ ਨੇ ਉਨ੍ਹਾਂ ਨੂੰ ਬੈਂਤ ਮਾਰਨ ਦਾ ਹੁਕਮ ਦਿੱਤਾ। ਜ਼ਖਮੀ ਅਤੇ ਲਹੂ ਲੁਹਾਨ ਕਰਕੇ, ਪੌਲੁਸ ਅਤੇ ਸੀਲਾਸ ਨੂੰ ਕੈਦਖ਼ਾਨੇ ਵਿਚ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਅੰਦਰਲੇ ਕੈਦਖ਼ਾਨੇ (ਜਿੱਥੇ ਸਭ ਤੋਂ ਜ਼ਿਆਦਾ ਸੁਰੱਖਿਆ ਹੁੰਦੀ ਹੈ) ਵਿਚ ਰੱਖਿਆ ਗਿਆ ਅਤੇ ਉਨ੍ਹਾਂ ਦੇ ਪੈਰੀਂ ਕਾਠ ਠੋਕ ਦਿੱਤਾ। ਦੁੱਖ ਅਤੇ ਬੇਇਨਸਾਫੀ ਦੇ ਬਾਵਜੂਦ, ਦੋਵਾਂ ਮਿਸ਼ਨਰੀਆਂ ਨੇ “ਰਾਤ ਨੂੰ ਗੀਤ” ਗਾਏ: “ਪਰ ਅੱਧੀਕੁ ਰਾਤ ਨੂੰ ਪੌਲੁਸ ਅਤੇ ਸੀਲਾਸ ਪ੍ਰਾਰਥਨਾ ਕਰਦੇ ਅਤੇ ਪਰਮੇਸ਼ੁਰ ਦਾ ਭਜਨ ਗਾਉਂਦੇ ਸਨ” (ਰਸੂਲਾਂ ਦੇ ਕਰਤੱਬ 16:25)।

ਡੀ. ਸਟੀਵਰਟ

---

## ਟਿੱਪਣੀਆਂ

[1]ਜੌਨ. ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 463. [2]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 255. [3]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 304. [4]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 649. [5]ਹਾਰਟਲੀ, 466. [6]ਰੌਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 344-45. [7]ਹੇਲੀ, 305. [8]ਫ੍ਰਾਂਸਿਸ ਬਰਾਊਨ, ਐਸ. ਆਰ. ਡ੍ਰਾਈਵਰ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1968), 799. [9]ਮਾਰਵਿਨ ਐਚ. ਪੋਪ, *ਅੱਯੂਬ*, ਦਿ ਐਂਕਰ ਬਾਈਬਲ, ਜਿਲਦ 15 (ਗਾਰਡਨ ਸਿਟੀ, ਨਿਊ ਯਾਰਕ: ਡੱਬਲਡੇਅ ਐਂਡ ਕੰਪਨੀ, ਇੰਕ., 1965), 229. [10]ਐਲਡਨ, 345.

[11]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 290. [12]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:236-37. [13]ਹੇਲੀ, 307. [14]ਸੀ. ਐਚ. ਸਪੱਰਜੀਅਨ, ਦੁਆਰਾ 27 ਫਰਵਰੀ 1898 ਨੂੰ ਨਿਊ ਪਾਰਕ ਸਟ੍ਰੀਟ ਚੈਪਲ; ਸਾਊਥਵਾਰਕ, ਇੰਗਲੈਂਡ ਵਿਖੇ “ਰਾਤ ਨੂੰ ਗੀਤ” ਵਿਸ਼ੇ ਤੇ ਦਿੱਤਾ ਗਿਆ ਉਪਦੇਸ਼।